ਪੁਸਤਕ ਪ੍ਰੀਚੈ

# ਮੁੰਦਾਵਣੀ

[ਡਾ. ਪੂਰਨ ਸਿੰਘ ਜੀ, ਵੈਨਕੂਵਰ]

ਲੇਖਕ : ਗਿਆਨੀ ਗੁਰਦਿੱਤ ਸਿੰਘ
ਪੰਨੇ : 301 (ਤਸਵੀਰਾਂ ਸਹਿਤ)
ਛਾਪਕ : ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ
ਮੁੱਲ : 400/- ਰੁਪਏ

ਇਹ ਪੁਸਤਕ ਜੁਲਾਈ 2003 ਵਿਚ ਛਪੀ ਹੈ। ਪੁਸਤਕ ਦੀ ਬਾਹਰੀ ਦਿੱਖ ਬਹੁਤ ਸੁੰਦਰ ਹੈ ਅਤੇ ਇਸ ਦਾ ਵਿਸ਼ਾ-ਵਸਤੂ ਗਿਆਨ ਦਾ ਅਮੋਲ ਖ਼ਜ਼ਾਨਾ ਹੈ। ਵਿਦਵਾਨ ਲੇਖਕ ਨੇ ਇਸ ਪੁਸਤਕ ਨੂੰ ਲਿਖਣ ਲਈ ਬਹੁਤ ਕਰੜੀ ਘਾਲਣਾ ਕੀਤੀ ਜਾਪਦੀ ਹੈ। ਇਸ 'ਮੁੰਦਾਵਣੀ' ਪੁਸਤਕ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ, ਉਨ੍ਹਾਂ ਦਾ ਇਤਿਹਾਸ ਅਤੇ ਪ੍ਰਮਾਣਿਕ ਪ੍ਰਚਲਤ ਜਾਂ ਅਣ-ਪ੍ਰਚਲਤ ਬੀੜਾਂ ਬਾਰੇ ਵਿਸਤਾਰ-ਪੂਰਵਕ ਖੋਜ ਦਰਜ ਹੈ। ਗੁਰੂ ਅਰਜਨ ਦੇਵ ਜੀ ਵਲੋਂ ਮੁੰਦਾਵਣੀ ਸਿਰਲੇਖ ਅਤੇ ਇਸ ਦੇ ਅਰਥਾਂ ਬਾਰੇ ਵੀ ਚਰਚਾ ਹੈ ਅਤੇ ਵੱਖ-ਵੱਖ ਕੋਸ਼ਾਂ ਅਤੇ ਵਿਦਵਾਨਾਂ ਦੀਆਂ ਰਾਵਾਂ ਨੂੰ ਆਧਾਰ ਬਣਾਇਆ ਗਿਆ ਹੈ।

ਇਸ ਪੁਸਤਕ ਦਾ ਮੁੱਖ ਵਿਸ਼ਾ 'ਰਾਗਮਾਲਾ' ਹੈ, ਜਿਸ ਦੀ ਚਰਚਾ ਵੀਹਵੀਂ ਸਦੀ ਦੇ ਮੁੱਢਲੇ ਕਈ ਦਹਾਕੇ ਖ਼ੂਬ ਹੋਈ। ਆਖ਼ਰ ਪੰਥ ਵਲੋਂ ਸਹਿਮਤੀ ਹੋਈ ਕਿ ਰਾਗਮਾਲਾ ਨੂੰ ਨਾ ਪੜ੍ਹਿਆ ਜਾਵੇ ਅਤੇ ਭੋਗ ਮੁੰਦਾਵਣੀ 'ਤੇ ਪਾਉਣ ਲਈ ਪੰਥਕ ਆਦੇਸ਼ ਜਾਰੀ ਹੋਏ। ਇਸ ਪਿੱਛੋਂ ਕੁਝ ਸੱਜਣਾਂ ਵਲੋਂ ਜ਼ਾਤੀ ਕਾਰਨਾਂ ਨੂੰ ਆਧਾਰ ਬਣਾ ਕੇ ਇਸ ਮਹਾਨ ਪੰਥਕ ਫ਼ੈਸਲੇ ਦਾ ਜਾਣ ਬੁੱਝ ਕੇ ਵਿਰੋਧ ਹੋਇਆ। ਇਨ੍ਹਾਂ ਸਾਰੇ ਇਤਿਹਾਸਕ ਤੱਥਾਂ ਨੂੰ ਵਿਦਵਾਨ ਲੇਖਕ ਨੇ ਪੇਸ਼ ਕੀਤਾ ਹੈ, ਤਾਂ ਜੁ ਸਮੂਹ ਲੋਕਾਂ, ਪੰਥਕ ਹਿਤੈਸ਼ੀਆਂ ਅਤੇ ਖੋਜੀ ਵੀਰਾਂ ਨੂੰ ਅਸਲੀਅਤ ਬਾਰੇ ਚਾਨਣਾ ਹੋ ਜਾਵੇ।

ਪੰਥ ਦੇ ਤਕਰੀਬਨ ਸਮੂਹ ਗੁਰਬਾਣੀ ਦੇ ਵਿਆਖਿਆ-ਕਾਰਾਂ ਨੇ ਮੁੰਦਾਵਣੀ ਪਿੱਛੋਂ ਸ਼ਾਮਲ ਹੋਈ 'ਰਾਗਮਾਲਾ' ਨੂੰ ਕੋਈ ਵਿਸ਼ੇਸ਼ ਅਹਿਮੀਅਤ ਨਹੀਂ ਦਿੱਤੀ। ਜਿਥੇ ਸਿੱਖਾਂ ਲਈ ਅਜੇਹੀ ਰਚਨਾ ਇਕ ਚੁਣੌਤੀ ਹੈ, ਉਥੇ ਪੰਥਕ ਦੁਖਾਂਤ ਵੀ ਹੈ, ਕਿਉਂਕਿ ਜਿਸ ਰਚਨਾ ਦਾ ਗੁਰਬਾਣੀ ਨਾਲ ਕੋਈ ਨੇੜ-ਤੇੜ ਦਾ ਸੰਬੰਧ ਨਹੀਂ ਜੁੜ ਸਕਦਾ ਅਤੇ ਉਸ ਦੀ ਕਾਵਿਕ ਤਰਤੀਬ ਵੀ ਅਧੂਰੀ ਹੋਵੇ, ਅਜੇਹੀ ਕੱਚੀ ਬਾਣੀ ਨੂੰ ਸੱਚੀ ਬਾਣੀ ਵਿਚ ਘੁਸੇੜ ਦੇਣਾ ਅਤੇ ਮਨਘੜਤ ਕਹਾਣੀਆਂ ਘੜ ਕੇ ਰਾਗਮਾਲਾ ਦੀ ਮਹੱਤਤਾ ਨੂੰ ਪ੍ਰਚਾਰਨ ਬਾਰੇ ਕੀ ਸਮਝਿਆ ਜਾਵੇ?

ਵਿਦਵਾਨ ਲਿਖਾਰੀ ਨੇ ਰਾਗਮਾਲਾ ਦੇ ਅਸਲ ਕਰਤਾ ਨੂੰ ਢੂੰਡ ਲਿਆ ਹੈ ਅਤੇ ਠੋਸ ਸਬੂਤਾਂ ਦੁਆਰਾ ਉਸ ਦੀ ਪਹਿਚਾਨ ਕਰਵਾ ਦਿੱਤੀ ਹੈ। ਰਾਗਮਾਲਾ ਦਾ ਲੇਖਕ ਕਵੀ ਆਲਮ ਹੋਇਆ ਹੈ, ਜਿਸਨੇ 'ਮਾਧਵਾਨਲ ਕਾਮਕੰਦਲਾ' ਰਚਨਾ 1584 ਈ: ਵਿਚ ਲਿਖੀ। ਉਪਰੋਕਤ ਪੁਸਤਕ ਵਿਚੋਂ ਰਾਗਮਾਲਾ ਦਾ ਕੁਝ ਹਿੱਸਾ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਵਿਚ ਜੁੜਿਆ ਹੋਇਆ ਹੈ। ਆਲਮ ਕਵੀ ਦੀ ਖੋਜ ਲਈ ਲੇਖਕ ਨੇ ਅਨੇਕਾਂ ਹੀ ਉਚ-ਵਿਦਵਾਨਾਂ ਦੀਆਂ ਹਿੰਦੀ ਅਤੇ ਪੰਜਾਬੀ ਲਿਖਤਾਂ ਦਾ ਅਧਿਐਨ ਕੀਤਾ ਹੈ ਅਤੇ ਬਹੁਤ ਜ਼ਿਆਦਾ ਖੋਜ ਸਮੱਗਰੀ ਇਕੱਠੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਸ਼ੁੱਧ ਰੂਪ ਵਿਚ ਅਨੇਕਾਂ ਬੀੜਾਂ ਦੇਸ਼ ਦੇ ਅਨੇਕਾਂ ਇਤਿਹਾਸਕ ਥਾਵਾਂ 'ਤੇ ਸੁਰੱਖਿਅਤ ਹਨ ਅਤੇ ਰਾਗਮਾਲਾ ਰਹਿਤ ਹਨ। ਇਨ੍ਹਾਂ ਸਮੂਹ ਬੀੜਾਂ ਵਿਚ ਭੋਗ 'ਮੁੰਦਾਵਣੀ' 'ਤੇ ਹੀ ਹੈ। ਇਨ੍ਹਾਂ ਸ਼ੁੱਧ ਬੀੜਾਂ ਦੀਆਂ ਤਸਵੀਰਾਂ ਵੀ ਪੁਸਤਕ ਅੰਦਰ ਹਨ, ਤਾਂ ਜੁ ਪਾਠਕਾਂ ਨੂੰ ਕੁਝ ਬੀੜਾਂ ਦੇ ਚਿੱਤਰ-ਦਰਸ਼ਨ ਹੋ ਸਕਣ।

ਮੁੱਖ ਵਿਸ਼ੇ ਰਾਗਮਾਲਾ ਦੀ ਚਰਚਾ ਉਪਰੰਤ ਪੁਸਤਕ ਅੰਦਰ ਰਾਗ ਜਾਂ ਸੰਗੀਤ ਪ੍ਰਚਲਤ ਹੈ। ਸੰਗੀਤ ਦੀ ਕਾਢ ਮਨੁੱਖਾਂ ਨੇ ਕੀਤੀ ਹੈ ਅਤੇ ਅਨੇਕਾਂ ਸਾਜ਼ਾਂ ਦੀ ਭਰਮਾਰ ਹੈ ਪਰ ਸੰਗੀਤ ਵਜਾਉਣ ਜਾਂ ਗੌਣ ਦੀਆਂ ਪ੍ਰੰਪਰਾਵਾਂ ਭਿੰਨ ਭਿੰਨ ਹਨ। ਕਈ ਇਆਣੇ ਲੋਕ ਸੰਗੀਤ ਜਾਂ ਰਾਗਾਂ ਨੂੰ ਮਨੁੱਖੀ ਰੂਹਾਂ ਵਾਂਗ ਧੀਆਂ-ਪੁੱਤਰਾਂ ਵਾਲੇ ਕਲਪ ਕੇ ਰੋਚਕ ਕਥਾਵਾਂ ਬਣਾਉਂਦੇ ਹਨ, ਪਰ ਸਿਆਣੇ ਤੇ ਦਿਮਾਗ਼ੀ ਲੋਕਾਂ ਲਈ ਅਜੇਹੇ ਅਰਥਹੀਣ ਵਿਸ਼ਵਾਸ ਹਾਸੋ-ਹੀਣੇ ਹੀ ਹਨ।

ਲਿਖਾਰੀ ਨੇ ਇਸ ਪੁਸਤਕ ਵਿਚ ਤਰਕਯੁਕਤੀ ਦੁਆਰਾ ਬਹੁਤ ਸ਼ੰਕਿਆਂ ਨੂੰ ਨਿਵਿਰਤ ਕਰ ਦਿੱਤਾ ਹੈ। ਕਵੀ ਆਲਮ ਨੂੰ ਰਾਗਮਾਲਾ ਕਰਕੇ ਹੀ ਸਿੱਖਾਂ ਦੇ ਤਬਕੇ ਵਲੋਂ ਗੁਰੂ-ਘਰ ਦਾ ਵੀ ਚੋਰ ਮੰਨਿਆ ਗਿਆ ਹੈ; ਕਿਉਂਕਿ ਰਾਗਮਾਲਾ ਦਾ ਪਾਠ ਓਹੋ ਹੀ 'ਮਾਧਵਾਨਲ ਕਾਮਕੰਦਲਾ' ਗ੍ਰੰਥ ਵਿਚ ਹੈ, ਜੋ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਛਪੀ ਰਾਗਮਾਲਾ ਵਿਚ ਮਿਲਦਾ ਹੈ, ਕਿਹਾ ਜਾਂਦਾ ਰਿਹਾ ਹੈ ਕਿ ਆਲਮ ਨੇ ਰਾਗਮਾਲਾ ਗੁਰੂ-ਘਰ ਤੋਂ ਚੋਰੀ ਕੀਤੀ ਹੈ। ਜਦੋਂ ਆਲਮ ਦੇ ਗ੍ਰੰਥ ਦੇ ਆਰੰਭ

ਵਿਚ—"ਸਨ ਨੌ ਸੈ ਇਕਿਆਨਵੇ ਆਹੀ"—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਂ ਵੀਹ-ਇੱਕੀ ਸਾਲ ਪਹਿਲਾਂ ਦਾ ਸਾਹਮਣੇ ਆਇਆ ਤਾਂ ਆਲਮ ਦੀ ਇਕ ਹੋਰ ਚੋਰੀ ਮਿਥ ਲਈ। ਕਿਹਾ ਜਾਣ ਲੱਗਾ—ਇਹ ਸੰਨ ਸੰਸਕ੍ਰਿਤ ਦੇ ਜੋਧ ਕਵੀ ਦੇ ਗ੍ਰੰਥ ਵਿਚੋਂ ਚੋਰੀ ਕੀਤਾ ਹੈ।

ਜਦੋਂ ਇਹ ਮਸਲਾ ਬੜੌਦਾ ਦੇ ਪ੍ਰੋਫ਼ੈਸਰ ਮੌਜੂਮਦਾਰ ਸਾਹਮਣੇ ਆਇਆ ਤਾਂ ਇਸ ਨੇ ਕਿਹਾ—ਮੈਂ 'ਮਾਧਵਾਨਲ ਪ੍ਰਬੰਧਮ' ਗ੍ਰੰਥ ਸੰਪਾਦਨ ਕੀਤਾ ਹੈ, ਸੰਸਕ੍ਰਿਤ ਦੇ ਪ੍ਰਾਕ੍ਰਿਤ ਗ੍ਰੰਥਾਂ ਵਿਚੋਂ ਇਹ ਕਹਾਣੀ ਦੀ ਪੜਤਾਲ ਕੀਤੀ ਹੈ, ਮੈਨੂੰ ਜੋਧ ਕਵੀ ਦੀ ਰਚਨਾ 'ਮਾਧਵਾਨਲ ਕਾਮਕੰਦਲਾ' ਦਾ ਕੋਈ ਪਤਾ ਨਹੀਂ ਚੱਲਿਆ। ਚੰਗੀ ਗੱਲ ਹੈ ਕਿ ਇਕ ਨਵੇਂ ਕਵੀ ਬਾਰੇ ਜਾਣਕਾਰੀ ਮਿਲੀ ਹੈ। ਕਿਰਪਾ ਕਰ ਕੇ ਦੱਸਿਆ ਜਾਵੇ ਕਿ ਇਹ ਗ੍ਰੰਥ ਕਿਸ ਲਾਇਬਰੇਰੀ ਵਿਚ ਹੈ ਤੇ ਇਸ ਦੀ ਕਾਪੀ ਕਿਥੇ ਕਿਥੇ ਮਿਲ ਸਕਦੀ ਹੈ ? ਪਰ, ਇਹ ਕਿਤਾਬ ਹੁੰਦੀ ਤਾਂ ਮਿਲਦੀ।

ਗਿਆਨੀ ਜੀ ਨੇ ਆਲਮ ਦੀਆਂ ਪੁਰਾਣੀਆਂ ਰਚਨਾਵਾਂ 'ਚੁੰਨੜੀ' ਤੇ ਬੀਕਾਨੇਰੀ ਗ੍ਰੰਥਾਂ ਦੇ ਹਵਾਲੇ ਅਤੇ ਆਲਮ ਦੇ ਪਿੰਡ ਆਲਮਪੁਰਾ, ਆਲਮ ਕਾ ਤਾਲ ਲੱਭਣ ਵਾਲੇ ਵਿਦਵਾਨਾਂ ਨਾਲ ਸੰਪਰਕ ਕਰ ਕੇ, ਅਜਿਹੀਆਂ ਕਲਪਨਾਵਾਂ ਦਾ ਖ਼ਾਤਮਾ ਕਰ ਦਿੱਤਾ ਹੈ। ਆਲਮ ਕਵੀ ਬਾਰੇ ਪੁਰਾਣੀਆਂ ਲਿਖਤਾਂ ਅਤੇ ਹਿੰਦੀ ਦੇ ਵਿਦਵਾਨਾਂ ਦੇ ਰਚੇ ਹੋਏ ਗ੍ਰੰਥ ਖ਼ਾਸ ਕਰਕੇ ਹਿੰਦੀ ਸਾਹਿੱਤ ਦੇ ਇਤਿਹਾਸ, ਸੰਬੰਧਤ ਕੋਸ਼ਾਂ ਤੋਂ ਇਲਾਵਾ ਹਿੰਦੀ ਸਾਹਿੱਤ ਦੇ ਇਨਸਾਈਕਲੋਪੀਡੀਆ ਦੇ ਹਵਾਲੇ ਦੇ ਕੇ ਇਸ ਭ੍ਰਾਂਤੀ ਨੂੰ ਖ਼ਤਮ ਕਰ ਦਿੱਤਾ, ਕਿਉਂਕਿ ਇਹਨਾਂ ਸਭਨਾਂ ਗ੍ਰੰਥਾਂ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਗਮਾਲਾ' ਆਲਮ ਕਵੀ ਦੀ ਰਚਨਾ ਹੈ।

ਜਦੋਂ ਤੋਂ ਸੁਧਾਰਕ ਸਿੰਘਾਂ ਵਲੋਂ ਗੁਰਧਾਮਾਂ ਉੱਤੇ ਕਬਜ਼ੇ ਕੀਤੇ ਜਾਣ ਲੱਗੇ, ਓਸ ਵੇਲੇ ਤੋਂ ਹੀ ਉਨ੍ਹਾਂ ਧਾਮਾਂ ਵਿਚ 'ਮੁੰਦਾਵਣੀ' ਉੱਤੇ ਭੋਗ ਪੈਣ ਲੱਗੇ। ਪੁਸਤਕ ਦੇ ਪੰਨਾ 211 ਉੱਪਰ ਇਕ ਇਤਿਹਾਸਕ ਸਮਾਗਮ, ਜੋ 21 ਜੁਲਾਈ, 1925 ਨੂੰ ਜੈਤੋ ਦੇ ਅਸਥਾਨ 'ਤੇ ਹੋਇਆ, ਦਾ ਠੀਕ ਨਕਸ਼ਾ ਖਿੱਚਿਆ ਗਿਆ ਹੈ। ਪੰਥ ਵਲੋਂ ਅਖੰਡਪਾਠਾਂ ਦੇ ਭੋਗ ਸਮੇਂ ਭੋਗ ਮੁੰਦਾਵਣੀ 'ਤੇ ਪਾਇਆ ਗਿਆ ਤੇ ਇਸ ਸਮਾਗਮ ਵਿਚ ਜਿਥੇ ਪੰਥ ਦੀਆਂ ਸਮੂਹ ਹਸਤੀਆਂ ਹਾਜ਼ਰ ਸਨ, ਉਥੇ ਪੰਥ ਦੀ ਸਿਰਮੌਰ ਹਸਤੀ ਬਾਬਾ ਅਤਰ ਸਿੰਘ ਜੀ ਮਸਤੂਆਣਾ ਵੀ ਦੀਵਾਨ ਵਿਚ ਹਾਜ਼ਰ ਸਨ। ਇਸ ਇਤਿਹਾਸਕ ਤੱਥ ਤੋਂ ਸਪਸ਼ਟ ਹੁੰਦਾ ਹੈ ਕਿ ਪੰਥ ਵਿਚ ਭੋਗ ਮੁੰਦਾਵਣੀ 'ਤੇ ਹੀ ਪਾਉਣ ਦੀ ਪਰੰਪਰਾ ਪ੍ਰਚਲਤ ਸੀ ਅਤੇ ਚੀਫ਼ ਖ਼ਾਲਸਾ ਦੀਵਾਨ ਬਾਰੇ ਜਿਵੇਂ ਗਿਆਨੀ ਨਰੈਣ ਸਿੰਘ ਜੀ ਮੁਜੰਗਾ ਨੇ ਆਪਣੇ ਟੀਕੇ ਵਿਚ ਦੱਸਿਆ ਹੈ ਕਿ ਜਦੋਂ ਇਹ ਬਣਿਆ—ਚੀਫ਼ ਖ਼ਾਲਸਾ ਦੀਵਾਨ ਦੇ ਸਾਰੇ ਮੈਂਬਰ ਰਾਗਮਾਲਾ ਵਿਰੋਧੀ ਸਨ। ਇਨ੍ਹਾਂ ਭਰਪੂਰ ਤੱਥਾਂ ਦੇ ਆਧਾਰ 'ਤੇ ਉਸੇ ਪਰੰਪਰਾ ਨੂੰ ਮੁੜ ਬਹਾਲ ਕਰਨਾ ਚਾਹੀਦਾ ਹੈ।

ਗਿਆਨੀ ਜੀ ਵਲੋਂ 'ਮੁੰਦਾਵਣੀ' ਰਚਨਾ ਗੁਰਮਤਿ ਸਾਹਿਤ ਦੇ ਅਨਮੋਲ ਅਤੇ ਪ੍ਰਮਾਣਿਤ ਸਰੋਤਾਂ ਵਿਚੋਂ ਇਕ ਵਿਸ਼ੇਸ਼ ਅਹਿਮੀਅਤ ਰੱਖਣ ਵਾਲੀ ਪੁਸਤਕ ਮੰਨੀ ਜਾਣ ਦੇ ਯੋਗ ਹੈ। ਵਿਦਵਾਨ ਤੇ ਸ਼ਰਧਾਵਾਨ ਹੋਣਾ ਵੀ ਇਕ ਵਿਸ਼ੇਸ਼ ਗੁਣ ਹੈ ਅਤੇ ਦੋਨਾਂ ਗੁਣਾਂ ਦਾ ਸੁਮੇਲ ਰੱਖਣ ਵਾਲੇ ਵਿਦਵਾਨ ਵਿਰਲੇ ਹਨ। ਗਿਆਨੀ ਗੁਰਦਿੱਤ ਸਿੰਘ ਜੀ ਜਿਥੇ ਸਿਰਮੌਰ ਖੋਜੀਆਂ ਵਿਚੋਂ ਇਕ ਹਨ, ਉਥੇ ਇਨ੍ਹਾਂ ਨੂੰ ਗੁਰਬਾਣੀ ਵਿਚ ਅਥਾਹ ਸ਼ਰਧਾ ਹੈ। ਇਨ੍ਹਾਂ ਨੂੰ ਮਹਾਨ ਪੰਥਕ ਹਸਤੀਆਂ ਦੇ ਸੰਗੀ-ਸਾਥੀ ਹੋਣ ਦਾ ਵੀ ਸੁਭਾਗ ਪ੍ਰਾਪਤ ਹੋਇਆ ਹੈ। ਗਿਆਨੀ ਜੀ ਨੇ ਬਤੌਰ ਸਿੱਖ ਚਿੰਤਕ ਅਤੇ ਸਾਹਿੱਤ ਰਚੇਤਾ, ਵੱਡੀ ਜੁਰਅਤ ਕਰ ਕੇ ਕੌਮ ਲਈ ਅਮੋਲ ਤੇ ਭਰਪੂਰ ਤੱਥਾਂ ਦੇ ਆਧਾਰ 'ਤੇ ਪੁਸਤਕ ਰਚ ਦਿੱਤੀ ਹੈ ਤਾਂ ਜੁ ਪੰਥਕ ਵਿਦਵਾਨ ਪੰਥ ਦੇ ਹਿਤਾਂ ਨੂੰ ਮੁੱਖ ਰੱਖ ਕੇ ਭਵਿੱਖ ਵਿਚ ਕੋਈ ਅਹਿਮ ਫ਼ੈਸਲਾ ਕਰ ਸਕਣ। •

## ਪਾਠਕਾਂ ਦੇ ਚਰਨਾਂ ਵਿਚ ਬੇਨਤੀ

- ਆਤਮ ਰੰਗ ਬਹੁਤ ਜਲਦੀ ਹੀ ਆਪਣੇ ਪੰਜ ਸਾਲ ਆਪ ਦੇ ਸਹਿਯੋਗ ਨਾਲ ਪੂਰੇ ਕਰ ਰਿਹਾ ਹੈ।
- ਆਤਮ ਰੰਗ ਦਾ ਮੈਟਰ ਨਿਰੋਲ ਧਾਰਮਿਕ, ਇਤਿਹਾਸਕ ਤੇ ਗੁਰਬਾਣੀ 'ਤੇ ਆਧਾਰਿਤ ਹੁੰਦਾ ਹੈ।
- ਆਤਮ ਰੰਗ ਵਿਚ ਬੱਚਿਆਂ ਲਈ ਸਪੈਸ਼ਲ ਗੁਰਮਤਿ ਕਹਾਣੀਆਂ, ਗੁਰ-ਸਾਖੀਆਂ, ਗੁਰਦੁਆਰਾ ਸਾਹਿਬਾਨ ਦਾ ਇਤਿਹਾਸ ਅੰਗਰੇਜ਼ੀ ਤੇ ਪੰਜਾਬੀ ਵਿਚ ਦਿੱਤਾ ਜਾਂਦਾ ਹੈ।
- ਆਤਮ ਰੰਗ ਜੇ ਅਜੇ ਤਕ ਆਪ ਨੇ ਨਹੀਂ ਮੰਗਵਾਇਆ ਤਾਂ ਅੱਜ ਹੀ ਇਸ ਦਾ ਸਾਲਾਨਾ ਚੰਦਾ 100/- ਰੁਪਏ ਜਾਂ ਲਾਈਫ਼ ਮੈਂਬਰਸ਼ਿਪ 1000/- ਰੁਪਏ ਭੇਜ ਕੇ ਇਸ ਦੇ ਮੈਂਬਰ ਬਣੋ ਜੀ। ਜਿਸ ਸਕੂਲ ਵਿਚ ਆਪ ਦਾ ਬੱਚਾ ਪੜ੍ਹਦਾ ਹੈ, ਉਸ ਸਕੂਲ ਦੀ ਲਾਇਬ੍ਰੇਰੀ ਲਈ ਵੀ ਇਕ ਸਾਲ ਦਾ ਚੰਦਾ ਕੋਲੋਂ ਭੇਜੋ ਜੀ ਤਾਂ ਜੁ ਹੋਰ ਬੱਚੇ ਵੀ ਇਸ ਨੂੰ ਪੜ੍ਹ ਕੇ ਲਾਭ ਉਠਾ ਸਕਣ।
- ਆਤਮ ਰੰਗ ਹਰ ਗੁਰਦੁਆਰਾ ਸਾਹਿਬਾਨ ਦੀ ਲਾਇਬ੍ਰੇਰੀ ਵਿਚ ਵੀ ਪੁੱਜਣਾ ਚਾਹੀਦਾ ਹੈ। ਜਿਥੇ ਤੁਸੀਂ ਰਿਹਾਇਸ਼ ਕਰਦੇ ਹੋ, ਲਾਗਲੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਬੇਨਤੀ ਕਰੋ ਕਿ ਇਸ ਪਰਚੇ ਦਾ ਚੰਦਾ ਭੇਜਣ ਜਾਂ ਆਪਣੇ ਕੋਲੋਂ ਇਕ ਸਾਲ ਦਾ ਚੰਦਾ 100/- ਰੁਪਏ ਭੇਜਣ ਦੀ ਕ੍ਰਿਪਾਲਤਾ ਕਰੋ ਜੀ।